

# ਫੁੱਲ ਤੇ ਪੱਥਰ

ਡਿਜੀਟਲ ਕਲਮਾਂ ਵਾਲ਼ੇ

# ਫੁੱਲ ਤੇ ਪੱਥਰ

## ਡਿਜੀਟਲ ਕਲਮਾਂ ਵਾਲੇ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਫੁੱਲ ਤੇ ਪੱਥਰ

## ਡਿਜੀਟਲ ਕਲਮਾਂ ਵਾਲੇ

( ਅੰਕ ਚੌਥਾ )

ਇੰਸਟਾਗ੍ਰਾਮ : HARFAN_DI_MAZLIS

ਮੋਬਾਈਲ ਨੰਬਰ : ±91 9779670711

ਪੀ ਡੀ ਐੱਫ ਐਡੀਟਰ : GURIGURPREET498

PUBLISHED ON: 01 OCTOBER 2024

ਸੰਪਾਦਕ : ਗੁਰਪ੍ਰੀਤ ਗੁਰੀ, ਰਬਾਬਪ੍ਰੀਤ ਕੌਰ, ਕਰੇਜ਼ੀ ਰਾਇਟਰ, ਰਜਵਿੰਦਰ ਕੌਰ

DIGITALKALMANWALE@GMAIL.COM

# ਤਤਕਰਾ


| | | |
|---|---|---|
| 1. | ਫੁੱਲ ਤੇ ਪੱਥਰ ( ਰਬਾਬਪ੍ਰੀਤ ) | 5 |
| 2. | ਅੱਜ ( ਰਬਾਬਪ੍ਰੀਤ ) | 6 |
| 3. | ਰੇਗਿਸਤਾਨ ( ਰਬਾਬਪ੍ਰੀਤ ) | 7 |
| 4. | ਤੇਰੇ ਬਿਨ (ਰਬਾਬਪ੍ਰੀਤ ) | 8 |
| 5. | ਗਮ ਦੀ ਕਵਿਤਾ (ਗੁਰਪ੍ਰੀਤ ਗੁਰੀ ) | 9 |
| 6. | ਪਰਿੰਦਾ (ਗੁਰਪ੍ਰੀਤ ਗੁਰੀ ) | 10 |
| 7. | ਖ਼ਵਾਹਿਸ਼ (ਗੁਰਪ੍ਰੀਤ ਗੁਰੀ ) | 11 |
| 8. | ਕੁੜੀਆਂ (ਗੁਰਪ੍ਰੀਤ ਗੁਰੀ ) | 12 |
| 9. | ਵਿਆਹ ਦੀ ਰਾਤ ( ਕਮਲ ਲਧਾਣਾ ) | 13 |
| 10. | ਇਸ਼ਕ ਨੇ ( ਕਮਲ ਲਧਾਣਾ ) | 14 |
| 11. | ਕੂੜ ਜਿਹਾ ( ਕਮਲ ਲਧਾਣਾ ) | 15 |
| 12. | ਲੈ ਸਕਦੀ ਹੈ ( ਕਮਲ ਲਧਾਣਾ ) | 16 |
| 13. | ਕਿਨਾਰਾ ( ਰੀਸ਼ਵ ) | 17 |
| 14. | ਹਰ ਇੱਕ ਪਹਿਰ ( ਰੀਸ਼ਵ ) | 18 |
| 15. | ਸ਼ਿਵ ਦੀ ਨਜ਼ਮ ( ਰੀਸ਼ਵ ) | 19 |
| 16. | ਸ਼ਮਸ਼ਾਨ ਜਿਹਾ ( ਰੀਸ਼ਵ ) | 20 |
| 17. | ਕੋਈ ਹੋਰ ( ਰੀਸ਼ਵ ) | 21 |
| 18. | ਕਾਸ਼ ( ਸਰਬਪ੍ਰੀਤ ) | 22 |
| 19. | ਚਾਅ ( ਲਵਲੀ ਪਠਲਾਵਾ ) | 23 |

20. ਕੀ ਹੋਇਆ ( ਲਵਲੀ ਪਠਲਾਵਾ ) 24
21. ਕੁਝ ਖ਼ਾਸ ( ਲਵਲੀ ਪਠਲਾਵਾ ) 25
22. ਗਰਮੀ ( ਲਵਲੀ ਪਠਲਾਵਾ ) 26
23. ਵਜੂਦ ( ਰਵੀ ਕੁਮਾਰ ) 27
24. ਸ਼ਰੇਆਮ( ਜਗਦੀਸ਼ ਕੰਬੋਜ਼ "ਫ਼ੌਜੀ" ) 28
25. ਮੈਂ ਸੁਣਿਆ ( ਜਗਦੀਸ਼ ਕੰਬੋਜ਼ "ਫ਼ੌਜੀ" ) 29
26. ਸਮਝਾ ਤੇ ਸਹੀ (ਸੁੱਖ ਫੂਲਦ ਵਾਲਾ ) 30
27. ਹੱਥ ( ਸੁੱਖ ਫੂਲਦ ਵਾਲਾ ) 32
28. ਮੁਹੱਬਤ ( ਅਰਸ਼ ) 33
29. ਖ਼ਵਾਹਿਸ਼ ( ਅਰਸ਼ ) 34
30. ਸਮਝੌਤਾ ( ਨਵਾਬ ) 35
31. ਓਹਨਾਂ ਪਿੱਛੇ ( ਨਵਾਬ ) 36
32. ਵਿਚਾਰ ਕਰੋ ਜੀ ( ਕੁਲਵਿੰਦਰ ਕੌਰ ) 37

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਫੁੱਲ ਤੇ ਪੱਥਰ

ਉਸਨੇ ਮੇਰਾ ਸਭ ਕੁਝ ਲੁੱਟਿਆ
ਗਲ਼ ਨਾਲ ਲਾਕੇ ਗਲ਼ ਨੂੰ ਘੁੱਟਿਆ

ਉਸਨੇ ਪਾਸਾ ਵੱਟਿਆ ਸੀ ਜਦ
ਲੱਗਿਆ ਜਿਉਂ ਹੱਥ ਰੱਬ ਦਾ ਛੁੱਟਿਆ

ਮੈਂ ਇਸ਼ਕੇ ਦਾ ਰੁੱਖ ਲਗਾਇਆ
ਉਸਨੇ ਇੱਕ ਝਟਕੇ ਵਿੱਚ ਪੁੱਟਿਆ

ਇਸ਼ਕ ਨੇ ਕਰਤੀ ਐਸੀ ਹਾਲਤ
ਜਿਉਂ ਫੁੱਲਾਂ ਤੇ ਪੱਥਰ ਸੁੱਟਿਆ

**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ: RABABPREET7**

# ਅੱਜ

ਸਿਰ ਨੂੰ ਫੜ ਕੇ ਬਹਿ ਗਈ ਅੱਜ
ਪਤਾ ਨਹੀਂ ਕੀ ਕੀ ਸਹਿ ਗਈ ਅੱਜ

ਸਭ ਪਾਸੇ ਤੋਂ ਚੰਗੀ ਸੀ ਮੈਂ
ਸਭ ਤੋਂ ਪਿੱਛੇ ਰਹਿ ਗਈ ਅੱਜ

ਦਿਲ ਦਿਲ ਆਖਣ ਵਾਲ਼ੇ ਦੇ ਹੀ
ਮੈਂ ਤਾਂ ਦਿਲ ਤੋਂ ਲਹਿ ਗਈ ਅੱਜ

ਮੇਰੇ ਤੋਂ ਵੀ ਤਨਹਾ ਏ ਤੂੰ
ਤਨਹਾਈ ਮੈਨੂੰ ਕਹਿ ਗਈ ਅੱਜ

**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ: RABABPREET7**

# ਰੇਗਿਸਤਾਨ

ਜੋ ਜੋ ਕੀਤਾ ਨਾਲ ਮੇਰੇ ਤੂੰ
ਹਰ ਇੱਕ ਵਾਅਦਾ ਲਾਰਾ ਲੱਗੇ

ਪਲਕਾਂ ਕੋਲੋਂ ਸਾਂਭ ਨਾ ਹੋਵੇ
ਅੱਖ ਨੂੰ ਹੰਝੂ ਭਾਰਾ ਲੱਗੇ

ਇਸ਼ਕ ਤੇਰਾ ਮੇਰਾ ਸੀਨਾ ਚੀਰੇ
ਦੋ ਮੂੰਹਾ ਕੋਈ ਆਰਾ ਲੱਗੇ

ਜਦ ਸ਼ੀਸ਼ੇ ਵਿੱਚ ਤੱਕਦੀ ਖ਼ੁਦ ਨੂੰ
ਆਪਣਾ ਆਪ ਬੇਚਾਰਾ ਲੱਗੇ

ਮੇਰਾ ਦਿਲ ਹੁਣ ਦਿਲ ਨਹੀਂ ਸੱਜਣਾ
ਰੇਗਿਸਤਾਨ ਸਹਾਰਾ ਲੱਗੇ


**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ: RABABPREET7**

# ਤੇਰੇ ਬਿਨ

ਨੇਤਰ ਮੇਰੇ ਪੜ੍ਹ ਨਹੀਂ ਸਕਦਾ
ਦਿਲ ਦੇ ਅੰਦਰ ਵੜ ਨਹੀਂ ਸਕਦਾ

ਰੂਹ ਮੇਰੀ ਦਾ ਖਾਲੀਪਣ ਵੇ
ਬਿਨ ਤੇਰੇ ਕੋਈ ਭਰ ਨਹੀਂ ਸਕਦਾ

ਅੱਖ ਮੇਰੀ ਵਿੱਚ ਆਉਂਦਾ ਹੰਝੂ
ਵੇਖ ਸੋਹਣਿਆ ਜਰ ਨਹੀਂ ਸਕਦਾ

ਜਿੰਨੀ ਮੈਨੂੰ ਤੂੰ ਕਰਦਾ ਏ
ਕੋਈ ਮੁਹੱਬਤ ਕਰ ਨਹੀਂ ਸਕਦਾ

ਤੈਨੂੰ ਸਾਰੇ ਹੱਕ ਦੇ ਛੱਡੇ
ਹੋਰ ਕੋਈ ਹੱਥ ਫੜ੍ਹ ਨਹੀਂ ਸਕਦਾ

ਸਾਹਾਂ ਬਿਨ ਹੋ ਜਾਊ ਗੁਜ਼ਾਰਾ
ਪਰ ਤੇਰੇ ਬਿਨ ਸਰ ਨਹੀਂ ਸਕਦਾ

**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ: RABABPREET7**

# ਗ਼ਮ ਦੀ ਕਵਿਤਾ

ਗ਼ਮ ਦੀ ਕਵਿਤਾ ਜਦੋਂ ਉਚਾਰੀ
ਫਿਰ ਵੱਜੀ ਤਾੜੀ ਤੇ ਤਾੜੀ

ਪਰ ਭੇਜੀ ਜਦ ਓਹਨੂੰ ਲਿਖ ਕੇ
ਉਸਨੇ ਪੈਰਾਂ ਹੇਠ ਲਤਾੜੀ

ਇੱਕ ਝਟਕੇ ਵਿੱਚ ਮਿੱਟੀ ਕਰਤੀ
ਓਹਨੇ ਮੇਰੀ ਮਿਹਨਤ ਸਾਰੀ

ਮੈਂ ਮੁਹੱਬਤ ਦੇ ਰੁੱਖ ਲਗਾਵਾਂ
ਉਹ ਚੁੱਕੀ ਫ਼ਿਰਦੀ ਐ ਆਰੀ

ਖ਼ੁਸ਼ੀਆਂ ਨੇ ਬੇਦਖ਼ਲ ਕੀਤਾ ਏ
ਪੀੜ੍ਹਾਂ ਪਾ ਲਈ ਹਿੱਸੇਦਾਰੀ

ਮੈਂ ਵੱਟਾਂ ਤੇ ਧੱਕੇ ਖਾਵਾਂ
ਉਹ ਲੱਭੇ ਨੌਕਰ ਸਰਕਾਰੀ

ꕤ ਗੁਰਪ੍ਰੀਤ ਗੁਰੀ ꕤ
**ਇੰਸਟਾਗ੍ਰਾਮ: GURIGURPREET498**

# ਪਰਿੰਦਾ

ਹੁਣ ਨੀ ਕਰਦਾ ਯਾਦ ਪਰਿੰਦਾ
ਤੇਰੇ ਜਾਣ ਤੋਂ ਬਾਅਦ ਪਰਿੰਦਾ

ਕੀਤਾ ਸੀ ਬਰਬਾਦ ਤੂੰ ਜੀਹਨੂੰ
ਹੋ ਗਿਆ ਹੈ ਆਬਾਦ ਪਰਿੰਦਾ

ਰੰਗ ਬੰਨਦਾ ਹੈ ਮਹਿਫ਼ਿਲ ਦੇ ਵਿੱਚ
ਰਹਿੰਦਾ ਹੈ ਹੁਣ ਸ਼ਾਦ ਪਰਿੰਦਾ

ਮੁਹੱਬਤ ਦੇ ਪਿੰਜਰੇ ਦੇ ਵਿੱਚੋਂ
ਹੋ ਗਿਆ ਏ ਆਜ਼ਾਦ ਪਰਿੰਦਾ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ: GURIGURPREET498**

# ਖ਼ਵਾਹਿਸ਼

ਡੁੱਲ੍ਹਦੇ ਜ਼ਖ਼ਮਾਂ ਉੱਤੇ ਨਿਸ਼ਾਨੇ ਕੱਸਣ ਦੀ
ਅਦਾ ਸਿੱਖੀ ਏ ਉਸਨੇ ਸੱਪ ਤੋਂ ਡੱਸਣ ਦੀ

ਕਰਕੇ ਕੈਦ ਮੈਨੂੰ ਉਹ ਗਮ ਦੇ ਪਿੰਜਰੇ ਚ
ਫਿਰ ਆਂਹਦੀ ਏ ਆਦਤ ਪਾ ਤੂੰ ਹੱਸਣ ਦੀ

ਜਣੇ ਖਣੇ ਦੇ ਮੂਹਰੇ ਅੱਖਾਂ ਭਰਦੈਂ ਕਿਉਂ
ਲੋੜ ਨਹੀਂ ਐ ਕਿਸੇ ਨੂੰ ਕੁਝ ਵੀ ਦੱਸਣ ਦੀ

ਕਹਿੰਦੀ ਗਮ ਨਾਲ ਯਾਰੀ ਪਾ ਲੈ ਝੂਠਿਆ ਤੂੰ
ਲੋੜ ਨਹੀਂ ਐ ਪੀੜ੍ਹਾਂ ਕੋਲੋਂ ਨੱਸਣ ਦੀ

ਉਸਨੇ ਐਨੀ ਸ਼ਿੱਦਤ ਨਾਲ ਉਜਾੜਿਆ ਐ
ਸੱਚੀਂ ਖ਼ਵਾਹਿਸ਼ ਮਰ ਚੁੱਕੀ ਐ ਵੱਸਣ ਦੀ

**੃ ❀❀ ਗੁਰਪ੍ਰੀਤ ਗੁਰੀ ❀❀ ੃**

**ਇੰਸਟਾਗ੍ਰਾਮ: GURIGURPREET498**

# ਕੁੜੀਆਂ

ਘੜਿਆਂ ਦੇ ਵਿੱਚ ਦੱਬੀਆਂ ਕੁੜੀਆਂ
ਟੁਕੜਿਆਂ ਦੇ ਵਿੱਚ ਲੱਭੀਆਂ ਕੁੜੀਆਂ
ਦਾਨਵ ਬਣਕੇ ਕੁਝ ਬੰਦਿਆਂ ਨੇ
ਵਾਂਗ ਮਾਸ ਦੇ ਚੱਬੀਆਂ ਕੁੜੀਆਂ

ਕੁਝ ਘਰ ਦੇ ਵਿੱਚ ਕੈਦ ਕਰਲੀਆਂ
ਕੁਝ ਨੂੰ ਆਪਣੇ ਨੋਚ ਰਹੇ ਨੇ
ਕੁਝ ਬੰਦਿਆਂ ਦੀ ਖੱਲ ਵਿੱਚ ਕੁੱਤੇ
ਨੋਚਣ ਬਾਰੇ ਸੋਚ ਰਹੇ ਨੇ

ਜਿਸਮ ਦੇ ਭੁੱਖੇ ਕਈ ਸ਼ਿਕਾਰੀ
ਲੱਭਣ ਇਤਰ ਦੀਆਂ ਡੱਬੀਆਂ ਕੁੜੀਆਂ
ਦਾਨਵ ਬਣਕੇ ਕੁਝ ਬੰਦਿਆਂ ਨੇ
ਵਾਂਗ ਮਾਸ ਦੇ ਚੱਬੀਆਂ ਕੁੜੀਆਂ

**ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ: GURIGURPREET498**

# ਵਿਆਹ ਦੀ ਰਾਤ

ਤੂੰ ਰਾਤ ਬਿਤਾਈ ਸੁਹਾਗ ਦੇ ਨਾਲ
ਮੇਰੀ ਬੀਤੀ ਨਾਲ ਕਿਤਾਬਾਂ ਦੇ

ਉਹਨੂੰ ਹੱਥੀਂ ਦੁੱਧ ਪਿਲਾਇਆ ਤੂੰ
ਮੈਂ ਪੀਤੇ ਜਾਮ ਸ਼ਰਾਬਾਂ ਦੇ

ਤੇਰੀ ਹਸਰਤ ਪੂਰੀ ਹੋ ਗਈ ਹੈ
ਮੇਰੀ ਗੁੰਮ ਹੋਈ ਵਿੱਚ ਖ਼ੁਆਬਾਂ ਦੇ

ਉਹਨੇ ਉੱਧਰ ਘੁੰਗਟ ਚੁੱਕਿਆ ਜਦ
ਵਹੇ ਅੱਖ ਚੋਂ ਦਰਿਆ ਆਬਾਂ ਦੇ

ਹੁਣ ਚੰਗੇ ਕਿੱਥੋਂ ਲੱਗਦੇ ਨੇ
ਸੱਜਣਾ ਸੁਰ ਤਾਲ ਰਬਾਬਾਂ ਦੇ

ਦਿਲ ਕਰਦੈ ਡੁੱਬਕੇ ਮਰ ਜਾਵਾਂ
ਵਿੱਚ ਸੋਹਣੀ ਵਾਂਗ ਚਨਾਬਾਂ ਦੇ

**ਕਮਲ ਲਧਾਣਾ**

**ਇੰਸਟਾਗ੍ਰਾਮ : RALHKAMALJIT**

# ਇਸ਼ਕ ਨੇ

ਇਸ਼ਕ ਨੇ ਅਕਲ ਵਿਹੂਣਾ ਕਰਿਆ
ਅੰਦਰੋਂ ਤਪਦਾ ਬਾਹਰੋਂ ਠਰਿਆ

ਉਹਦਾ ਦਿਲ ਕਿਸੇ ਹੋਰ ਦਾ ਘਰ ਹੈ
ਮੇਰੇ ਤੋਂ ਨਾ ਜਾਵੇ ਜਰਿਆ

ਗ਼ੈਰਾਂ ਦੀ ਉਹ ਭਰੇ ਗਵਾਹੀ
ਮੇਰੇ ਲਈ ਇੱਕ ਬੋਲ ਨਾ ਸਰਿਆ

ਨਾ ਜਾਹ ਰੋ ਰੋ ਆਖ ਰਿਹਾ ਸੀ
ਉਹਦਾ ਮਨ ਇੱਕ ਵਾਰ ਨਾ ਭਰਿਆ

ਹੁਣ ਨਾਂ ਲੈ ਲੈ ਹਾਕ ਨਾ ਮਾਰੋ
"ਕਮਲ" ਤਾਂ ਬੜੇ ਚਿਰਾਂ ਦਾ ਮਰਿਆ

**ਕਮਲ ਲਧਾਣਾ**

**ਇੰਸਟਾਗ੍ਰਾਮ : RALHKAMALJIT**

# ਕੂੜ ਜਿਹਾ

ਜਿਸਮਾਂ ਖਾਤਿਰ ਮਿਲਣਾ ਮੈਨੂੰ ਕੂੜ ਜਿਹਾ ਲੱਗਦਾ
ਅੱਜ ਕੱਲ੍ਹ ਇਸ਼ਕ ਆਸ਼ਕਾਂ ਕੋਲੋਂ ਦੂਰ ਜਿਹਾ ਲੱਗਦਾ

ਫ਼ਲ ਬਣਨੇ ਤੋਂ ਪਹਿਲਾਂ ਹੀ ਜੋ ਝੜ ਧਰਤੀ ਚੁੰਮਦਾ
ਵਰਤਮਾਨ ਦਾ ਪਿਆਰ ਮੈਨੂੰ ਉਸ ਬੂਰ ਜਿਹਾ ਲੱਗਦਾ

ਮੈਂ ਹਾਲੇ ਨੀ ਗ਼ਰਕ ਹੋਇਆ ਹਾਂ ਕਾਮ 'ਚ ਉਸ ਵਾਂਗੂ
ਜਿਸ ਕਾਮੀ ਨੂੰ ਹਰ ਇੱਕ ਚਿਹਰਾ ਹੂਰ ਜਿਹਾ ਲੱਗਦਾ

ਚੰਗਾ ਮਾੜਾ ਜੋ ਕੁਝ ਹੋਵੇ ਮੂੰਹ ਤੇ ਆਖ ਦੇਵਾਂ
ਲੋਕੀਂ ਆਖਣ ਤੇਰੇ ਵਿੱਚ ਗਰੂਰ ਜਿਹਾ ਲੱਗਦਾ

**ਕਮਲ ਲਧਾਣਾ**

**ਇੰਸਟਾਗ੍ਰਾਮ : RALHKAMALJIT**

# ਲੈ ਸਕਦੀ ਹੈ

ਮੁਹੱਬਤ ਜਾਨ ਵੀ ਲੈ ਸਕਦੀ ਹੈ
ਗ਼ਮ ਬਣ ਅੰਦਰ ਬਹਿ ਸਕਦੀ ਹੈ

ਤੇਰੇ ਪਿਆਰ ਨੂੰ ਪਿਆਰ ਨਾ ਮੰਨ ਕੇ
ਦੁਨੀਆ ਢੋਂਗ ਵੀ ਕਹਿ ਸਕਦੀ ਹੈ

ਚਿੜੀ ਦਾ ਕੱਲ੍ਹ ਤੇਰੇ ਰੁੱਖ ਤੇ ਧੁੰਦਲਾ
ਹੋਰ ਜਗ੍ਹਾ ਉਹ ਬਹਿ ਸਕਦੀ ਹੈ

ਪ੍ਰਾਣਨਾਥ ਤੈਨੂੰ ਆਖਣ ਵਾਲੀ
ਕੱਲ੍ਹ ਨੂੰ ਪ੍ਰਾਣ ਵੀ ਲੈ ਸਕਦੀ ਹੈ

ਬਹੁਤਾ ਇਸ਼ਕ ਇਸ਼ਕ ਨਾ ਕਰ ਤੂੰ
ਖ਼ਲਕਤ ਟੁੱਟਕੇ ਪੈ ਸਕਦੀ ਹੈ

**ਕਮਲ ਲਧਾਣਾ**

**ਇੰਸਟਾਗ੍ਰਾਮ : RALHKAMALJIT**

# ਕਿਨਾਰਾ

ਤੇਰੇ ਨਾਲ ਜਦੋਂ ਦਾ ਕਿਨਾਰਾ ਹੋਇਆ
ਮੈਂ ਟੁੱਟਿਆ ਇੱਕ ਤਾਰਾ ਹੋਇਆ
ਤੇਰੇ ਦਿਲ ਨੇ ਦਿਲ ਬੜੇ ਜਿੱਤੇ
ਤੇ ਮੇਰਾ ਦਿਲ ਆ ਹਾਰਾ ਹੋਇਆ

ਝੱਲਿਆ ਵਰਗਾ ਹਾਲ ਹੋ ਗਿਆ
ਤੇ ਗ਼ਮ ਇਸ਼ਕੇ ਦਾ ਭਾਰਾ ਹੋਇਆ
ਸਾਡਾ ਵਾਅਦਾ ਅੱਜ ਵੀ ਵਾਅਦਾ
ਵੇਖ ਤੇਰਾ ਵਾਅਦਾ ਲਾਰਾ ਹੋਇਆ

ਜੋ ਵੀ ਹੁੰਦਾ , ਚੰਗੇ ਲਈ ਹੁੰਦਾ
ਕਹਿਣ ਦੀਆਂ ਸਭ ਗੱਲਾਂ ਨੇ
ਸਾਡੇ ਨਾਲ ਤਾਂ ਜੋ ਵੀ ਹੋਇਆ
ਸੱਚੀਂ ਬਾਹਲਾ ਮਾੜਾ ਹੋਇਆ

**ਰੀਸ਼ਵ**

**ਇੰਸਟਾਗ੍ਰਾਮ: REESHAV_001**

# ਹਰ ਇੱਕ ਪਹਿਰ

ਜੇ ਪਿਆਰ ਦਾ ਬਣ ਜੇ ਜ਼ਹਿਰ ਏ ਮਾੜਾ
ਜੁਦਾਈ ਵਾਲਾ ਕਹਿਰ ਏ ਮਾੜਾ

ਚੱਲਦੇ ਰਹਿਣਾ ਜ਼ਿੰਦਗੀ ਹੁੰਦੀ
ਜਾਣਾ ਇੱਕੋ ਥਾਂ ਤੇ ਠਹਿਰ ਏ ਮਾੜਾ

ਮਾੜੀ ਕਰਕੇ ਤੂੰ ਗਿਆ ਏ
ਹੁਣ ਲੱਗਦਾ ਤੇਰਾ ਸ਼ਹਿਰ ਏ ਮਾੜਾ

ਸਕੂਨ ਦਾ ਕੋਈ ਨਾਮ ਨਿਸ਼ਾਨ ਨੀ
ਹੁਣ ਦਿਨ ਦਾ ਹਰ ਇੱਕ ਪਹਿਰ ਏ ਮਾੜਾ

**ਰੀਸ਼ਵ**

**ਇੰਸਟਾਗ੍ਰਾਮ: REESHAV_001**

# ਸ਼ਿਵ ਦੀ ਨਜ਼ਮ

ਤੂੰ ਸ਼ਿਵ ਦੀ ਲਿਖੀ ਹੋਈ ਨਜ਼ਮ ਦੇ ਵਰਗੀ
ਸਕੂਨ ਏ ਦਿੰਦੀ “ਜੇ ਪੜ੍ਹ ਜਾਵਾਂ ਮੈਂ

ਸਾਥੋਂ ਰੁੱਸ ਜੇ ਖ਼ੁਦਾ ਏ ਸਾਡਾ
ਨਾਲ ਤੇਰੇ ਜੇ ਲੜ ਜਾਵਾਂ ਮੈਂ

ਤੂੰ ਸੱਚੀ ਪਾਕ ਮੁਹੱਬਤ ਵਰਗੀ
ਤੂੰ ਮਿਲਜੇਂ ਜੇ” ਤਰ ਜਾਵਾਂ ਮੈਂ

ਤੈਥੋਂ ਦੂਰ ਜੇ ਰਹਿਣਾ ਪੈਜੇ
ਇਹਤੋਂ ਚੰਗਾ ਨੀ ਜੇ ਮਰ ਜਾਵਾਂ ਮੈਂ

**ਰੀਸ਼ਵ**

**ਇੰਸਟਾਗ੍ਰਾਮ: REESHAV_001**

# ਸ਼ਮਸ਼ਾਨ ਜਿਹਾ

ਜੀਹਦੇ ਜੀਹਦੇ ਤੇ ਵਿਸ਼ਵਾਸ ਮੈਂ ਕੀਤਾ
ਓਸ ਹਰ ਇੱਕ ਤੋਂ ਧੋਖਾ ਖਾ ਲਿਆ ਏ
ਜ਼ਰਦੇ ਜ਼ਰਦੇ ਬੜਾ ਕੁਝ ਜਰ ਲਿਆ
ਆਖਿਰ ਖ਼ੁਦ ਵਿੱਚ ਸਬਰ ਨੂੰ ਪਾ ਲਿਆ ਏ

ਏਸ ਤੋਂ ਵੱਧਕੇ ਕੁਝ ਨੀ ਹੋਣਾ
ਮੈਂ ਜਿੰਨਾ ਚਾਹੁਣਾ ਸੀ ਚਾਹ ਲਿਆ ਏ
ਤੂੰ ਨਾ ਮਿਲਿਆ ਪਰ ਗ਼ਮ ਨੇ ਮਿਲ ਗਏ
ਮੈਂ ਗ਼ਮਾਂ ਨਾਲ ਹੱਥ ਮਿਲਾ ਲਿਆ ਏ

ਸੁਣਿਆ ਸੀ ਇਹ ਜਹਾਨ ਬੁਰਾ ਏ
ਪਰ ਤੂੰ ਵੀ ਨਿਕਲਿਆ ਜਹਾਨ ਜਿਆ ਏ
ਜਿੱਥੇ ਲੱਖਾਂ ਹੀ ਰੀਝਾਂ ਮਰ ਮੁੱਕ ਗਈਆਂ
ਆਹ ਦਿਲ ਵੀ ਮੇਰਾ ਸ਼ਮਸ਼ਾਨ ਜਿਆ ਏ

**ਰੀਸ਼ਵ**

**ਇੰਸਟਾਗ੍ਰਾਮ: REESHAV_001**

# ਕੋਈ ਹੋਰ

ਬੋਲ ਇਸ਼ਕ ਦੇ ਕਿੰਞ ਮੈਂ ਬੋਲਾਂ
ਗ਼ਮ ਦਾ ਅੰਦਰ ਸ਼ੋਰ ਬੜਾ ਏ

ਬਸ ਤੇਰੇ ਤੇ ਹੀ ਨੀ ਚੱਲਿਆ
ਉਂਞ ਮੁਹੱਬਤ ਸਾਡੀ ਵਿੱਚ ਜੋਰ ਬੜਾ ਐ

ਸਾਡੇ ਹਾਸੇ ਖੋਹ ਕੇ ਲੈ ਗਿਆ
ਦਿਲ ਤਾਂ ਤੇਰਾ ਚੋਰ ਬੜਾ ਏ

ਜਿੱਥੇ ਤੇਰੇ ਨਾਲ ਮੈਂ ਖੜਨਾ ਸੀ
ਹੁਣ ਓਥੇ ਕੋਈ ਹੋਰ ਖੜਾ ਏ

ਝੂਠੀਆਂ ਮੁਹੱਬਤਾਂ ਵਾਲਾ ਜੋ ਚੱਲਿਆ
ਗੰਦਾ ਲੱਗਦਾ ਦੌਰ ਬੜਾ ਏ

**ਰੀਸ਼ਵ**

**ਇੰਸਟਾਗ੍ਰਾਮ: REESHAV_001**

# ਕਾਸ਼

ਤੇਰੀ ਅੱਖਾਂ ਦੀ ਝਪਕਣ
ਤੇਰਾ ਵਾਲਾਂ ਨੂੰ ਸੰਵਾਰਨਾ
ਤੇਰੇ ਹੱਥਾਂ ਦੀ ਛੋਹ
ਤੈਨੂੰ ਸਾਹਵੇਂ ਬਹਿ ਨਿਹਾਰਨਾ

ਕਾਸ਼ !
ਮੇਰੇ ਇਹ ਨਸੀਬ ਹੁੰਦੇ
ਭਾਵੇਂ ਜੱਗ ਪੈਂਦਾ ਹਾਰਨਾ
ਤੇਰੀ ਅੱਖਾਂ ਦੀ ਝਪਕਣ
ਤੇਰੇ ਵਾਲਾਂ ਨੂੰ ਸੰਵਾਰਨਾ


ৣ৩❀❀ **ਸਰਬਪ੍ਰੀਤ** ❀❀৩ৣ

**ਇੰਸਟਾਗ੍ਰਾਮ: SARB_PREET37**

# ਚਾਅ

ਚਾਹ ਪੀਣ ਦਾ ਚਾਅ
ਕੁਝ ਇਸ ਤਰ੍ਹਾਂ
ਜਿਵੇਂ ਯਾਰ ਮੇਰਾ ਖੰਡ ਬਣਕੇ
ਵਿੱਚ ਘੁਲਿਆ ਹੋਵੇ

ਸ਼ਾਇਰੀ ਲਿਖਣ ਦਾ ਚਾਅ
ਕੁਝ ਇਸ ਤਰ੍ਹਾਂ
ਜਿਵੇਂ ਕੋਈ ਦਿਲ ਦੀ ਧੜਕਣ ਨਾਲ਼
ਜੁੜਿਆ ਹੋਵੇ

ਬੜਾ ਕੁਝ ਆ ਯਾਰਾ ਦੁਨੀਆਂ ਤੇ
ਮੈਂ ਰੋਜ਼ ਦੇਖਦਾ ਹਾਂ,

ਪਰ ਤੈਨੂੰ ਦੇਖਣ ਦਾ ਚਾਅ ਕੁਝ
ਇਸ ਤਰ੍ਹਾਂ
ਜਿਵੇਂ ਵਿਦੇਸ਼ਾਂ ਵਿੱਚ ਜਾ ਕੇ
ਕੋਈ ਵਾਪਿਸ ਘਰ ਮੁੜਿਆ ਹੋਵੇ,

**੃ ❀❀ ਲਵਲੀ ਪਠਲਾਵਾ ❀❀ ੃**

**ਇੰਸਟਾਗ੍ਰਾਮ: LOVELYPATHLAWA**

# ਕੀ ਹੋਇਆ

ਖ਼ਾਸ ਨਹੀਂ ਬਣ ਸਕਦਾ ਤੇ ਕੀ ਹੋਇਆ
ਆਮ ਜਿਹਾ ਤਾਂ ਬਣ ਸਕਦਾ ਆ

ਰਾਜਾ ਨਹੀਂ ਬਣ ਸਕਦਾ ਤੇ ਕੀ ਹੋਇਆ
ਗੁਲਾਮ ਤਾਂ ਬਣ ਸਕਦਾ ਆ

ਸੇਠ ਨਹੀਂ ਬਣ ਸਕਦਾ ਤੇ ਕੀ ਹੋਇਆ
ਮਜਦੂਰ ਤਾਂ ਬਣ ਸਕਦਾ ਆ

ਕੀ ਹੋਇਆ ਜੇ ਤੇਰੇ ਮੱਥੇ ਦਾ ਸੰਧੂਰ ਨਹੀਂ ਬਣ ਸਕਦਾ
ਤੇਰੇ ਪੈਰਾਂ ਦੀ ਧੂੜ ਤਾਂ ਬਣ ਸਕਦਾ ਆ

°○৩ ❁❁ **ਲਵਲੀ ਪਠਲਾਵਾ** ❁❁ ৩○°

**ਇੰਸਟਾਗ੍ਰਾਮ: LOVELYPATHLAWA**

# ਕੁਝ ਖ਼ਾਸ

ਆਮ ਜਿਹਾ ਲਿਖਦੇ ਲਿਖਦੇ
ਕੱਲ੍ਹ ਕੁਝ ਖ਼ਾਸ
ਲਿਖ ਦਿੱਤਾ

ਜਜ਼ਬਾਤੀ ਹੋਇਆ ਦਿਲ ਮੇਰਾ
ਤੇਰਾ ਅਹਿਸਾਸ ਲਿਖ ਦਿੱਤਾ

ਲਿਖ ਦਿੱਤਾ ਤੇਰੇ ਨਾਲ਼ ਬਿਤਾਇਆ ਹਰ ਪਲ
ਤੂੰ ਦੂਰ ਚਲਿਆ ਗਿਆ ਮੇਰੇ ਤੋਂ
ਪਰ ਮੈਂ ਪਾਸ ਲਿਖ ਦਿੱਤਾ

ਤੇਰੀ ਇੱਜ਼ਤ ਮੇਰੀ ਇੱਜ਼ਤ
ਰਾਜ ਰਹੇਗਾ ਹਰ ਪੰਨਾ
ਤੇਰੇ ਨਾਮ ਦੀ ਜਗ੍ਹਾ ਤੇ ਗੁੰਮਨਾਮ ਲਿਖ ਦਿੱਤਾ
ਆਮ ਜਿਹਾ ਲਿਖਦੇ ਲਿਖਦੇ
ਕੱਲ੍ਹ ਕੁਝ ਖ਼ਾਸ ਲਿਖ ਦਿੱਤਾ

**ਲਵਲੀ ਪਠਲਾਵਾ**

**ਇੰਸਟਾਗ੍ਰਾਮ:** LOVELYPATHLAWA

# ਗਰਮੀ

ਦਰੱਖਤਾਂ ਨੂੰ ਕੱਟਣ ਲੱਗਿਆਂ
ਜਦ ਵਰਤੀ ਨਹੀਂ ਕੋਈ ਨਰਮੀ

ਹੁਣ ਰੱਬ ਨੂੰ ਕਿਉਂ ਤੂੰ ਦੋਸ਼ ਦਿੰਦਾ
ਜਦ ਵੱਧਦੀ ਜਾ ਰਹੀ ਆ ਗਰਮੀ

ਜੰਗਲਾਂ ਨੂੰ ਉਜਾੜ ਕੇ
ਵਾਤਾਵਰਣ ਨੂੰ ਵਿਗਾੜ ਕੇ
ਤੈਨੂੰ ਸਾਹ ਨੀ ਜਦ ਆਉਣੇ
ਫਿਰ ਮੌਤ ਦੀ ਜੰਗ ਪਊ ਲੜਨੀ

ਸੰਭਲ਼ ਜਾ...! ਸੰਭਲ਼ ਜਾ ...!
ਕਿਤੇ ਖ਼ਤਮ ਨਾ ਕਰਦੇ ਤੈਨੂੰ ਬੰਦਿਆਂ ਇਹ ਗਰਮੀ

**ਲਵਲੀ ਪਠਲਾਵਾ**

**ਇੰਸਟਾਗ੍ਰਾਮ: LOVELYPATHLAWA**

# ਵਜ਼ੂਦ

ਕੋਸ਼ਿਸ਼ ਕਰਦੇ ਜਿਹੜੇ, ਵਜ਼ੂਦ ਮੇਰਾ, ਤੰਗ ਸੋਚ ਦੇ ਨਾਲ ਤੋਲਣ ਦੀ
ਮੇਰੀ ਕਲਮ ਮੇਰਾ ਜਵਾਬ ਬਣੂ ਕੁਝ ਲੋੜ ਨਹੀਂ ਮੂੰਹੋਂ ਬੋਲਣ ਦੀ

ਚਿਹਰੇ ਦੇਖ ਜੋ ਲਾਉਣ ਅੰਦਾਜ਼ੇ ਰੱਬ ਤੱਕੇ ਓਹਦੀ ਨੀਅਤ ਨੂੰ
ਆਪਣਾ ਹੁਨਰ ਜੋ ਸਮਝੀ ਬੈਠੇ ਚਿਹਰਾ ਤੱਕ ਕੇ ਬੰਦਾ ਰੋਲਣ ਦੀ

ਦੂਜੇ ਘਰ ਵਿੱਚ ਦੇਖ ਤਮਾਸ਼ਾ ਲੋਕੀ ਆਪਣਾ ਘਰ ਭੁੱਲ ਜਾਂਦੇ ਨੇ
ਹਰ ਘਰ ਭੰਗ ਹੈ ਭੁੱਜਦੀ ਦਿਲਾ ਲੋੜ ਨਹੀਂ ਬਹੁਤਾ ਡੋਲਣ ਦੀ

ਐਵੇਂ ਬੋਲ ਕੇ ਕਦਰ ਗਵਾ ਬੈਠਾ,ਤੰਗ ਸੋਚ,ਮਹਿਫ਼ਿਲ ਭਾਵੇਂ ਵੱਡੀ ਸੀ
ਜੋ ਚੁੱਪ ਦੇ ਕਾਬਿਲ ਨਹੀਂ ਸੀ ਤੇਰੇ ਓਥੇ ਲੋੜ ਨਹੀਂ ਸੀ ਬੋਲਣ ਦੀ

ਅੱਜ ਤੋਂ ਮੇਰੀ ਕਲਮ ਤੇ ਲਿਖਤਾਂ ਹੀ ਮੇਰੀ ਪਹਿਚਾਣ ਨੇ
ਅੱਖਰਾਂ ਚ ਲੁਕਿਆ ਸਿਰਨਾਵਾਂ ਮੇਰਾ ਜੇ ਲੋੜ ਪਵੇ ਕਦੇ ਟੋਲਣ ਦੀ

**ਰਵੀ ਕੁਮਾਰ**

**ਇੰਸਟਾਗ੍ਰਾਮ: _AAMADD_**

# ਸ਼ਰੇਆਮ

ਸ਼ਰੇਆਮ ਤੇਰਾ ਨਾਂ ਨੀ ਦੱਸਦਾ
ਰੌਲ਼ਾ ਪੈਜੂ ਤਾਂ ਨੀ ਦੱਸਦਾ
ਕਹਿੰਦੀ ਦਿਲ ਵਿੱਚ ਚੋਰ ਹੈ ਤੇਰੇ
ਚੋਰ ਚੋਰੀ ਦੀ ਥਾਂ ਨੀ ਦੱਸਦਾ
ਸ਼ਰੇਆਮ ਤੇਰਾ ਨਾਂ ਨੀ ਦੱਸਦਾ,

ਮੁੱਦਤ ਹੋਈ ਤੱਕਿਆ ਤੈਨੂੰ
ਪਤਾ ਨੀ ਕਾਹਤੋਂ ਲ਼ੱਗਿਆ ਮੈਨੂੰ
ਅੱਜ ਸੱਜਣਾ ਦੀ ਦੀਦ ਹੈ ਹੋਣੀ
ਬਨੇਰੇ ਬੈਠਾ ਕਾਂ ਨੀ ਦੱਸਦਾ
ਸ਼ਰੇਆਮ ਤੇਰਾ ਨਾਂ ਨੀ ਦੱਸਦਾ

**ஃ✿✿ ਜਗਦੀਸ਼ ਕੰਬੋਜ਼ "ਫ਼ੌਜੀ" ✿✿ஃ**

**ਇੰਸਟਾਗ੍ਰਾਮ: KAMBOZ_IT_IS**

# ਮੈਂ ਸੁਣਿਆ

ਜਦੋਂ ਨਵੀਂ ਨਵੀਂ ਸੀ ਬਾਹਲਾ ਪਿਆਰ ਜਤਾਉਂਦਾ ਸੀ
ਦੋ-ਤਿੰਨ ਸਾਲ ਹੋ ਗਏ ਤਾਂ ਹੀ ਚੰਗੀ ਲੱਗਦੀ ਨਈਂ

ਮੇਰੀ ਨਿੱਕੀ ਨਿੱਕੀ ਨਾਂਹ ਤੋਂ ਤੂੰ ਲੜ ਪੈਂਦਾ ਸੀ
ਅੱਜ ਕੱਲ੍ਹ ਮੇਰੀ ਹਾਂ ਵੀ ਚੰਗੀ ਲੱਗਦੀ ਨਈਂ

ਘਰ ਤੋਂ ਕਾਲਜ ਕਾਲਜ ਤੋਂ ਘਰ ਛੱਡਦਾ ਸੀ
ਹੁਣ ਕਿਉਂ ਪਿੰਡ ਮੇਰੇ ਦੀ ਰਾਹ ਵੀ ਚੰਗੀ ਲੱਗਦੀ ਨਈਂ

ਦੱਸ ਕਿਸ ਬਹਾਨੇ ਮਿਲੀਏ ਤੈਨੂੰ ਸੱਜਣਾ ਵੇ
ਮੈਂ ਸੁਣਿਆ ਤੈਨੂੰ ਚਾਹ ਵੀ ਚੰਗੀ ਲੱਗਦੀ ਨਈਂ

**ੑ৩✿✿ ਜਗਦੀਸ਼ ਕੰਬੋਜ਼ "ਫ਼ੌਜੀ" ✿✿৩ੑ**

**ਇੰਸਟਾਗ੍ਰਾਮ: KAMBOZ_IT_IS**

# ਸਮਝਾ ਤੇ ਸਹੀ

ਉਹ ਕਹਿੰਦੀ
ਕਦੇ ਮੈਨੂੰ ਸਮਝ ਨਹੀਂ ਸਕਦਾ
ਤੇ ਮੈਂ ਕਹਿੰਦਾ
ਮੈਨੂੰ ਸਮਝਾ ਤੇ ਸਹੀ

ਤੂੰ ਉਲਝੀ ਰਹਿੰਦੀ ਹੈ ਆਪਣੇ ਵਿੱਚ ਹੀ
ਕਦੇ ਖੁੱਲ੍ਹ ਕੇ ਮੇਰੇ ਮੂਹਰੇ ਆ ਤੇ ਸਹੀ

ਪੱਥਰ ਨਹੀਂ ਜਮਾਂ ਮੋਮ ਹਾਂ ਮੈਂ
ਤੈਨੂੰ ਅਹਿਸਾਸ ਹੋਊ ਸੀਨੇ ਲਾ ਤੇ ਸਹੀ

ਮੰਨਿਆ ਮੈਨੂੰ ਨਹੀਂਓ ਚੱਜ ਇਸ਼ਕੇ ਦਾ ਪਰ ਜੇ ਤੈਨੂੰ ਹੈ,
ਤੂੰ ਸਿਖਾ ਤੇ ਸਹੀ

ਤੂੰ ਉਂਝ ਲਾਏ ਅੰਦਾਜ਼ੇ ਮੇਰੀ ਮੁਹੱਬਤ ਬਾਰੇ
ਤੂੰ ਇੱਕ ਵਾਰੀ ਇਹਨੂੰ ਅਜ਼ਮਾ ਤੇ ਸਹੀ

ਆਪਣਾ ਮੰਨ ਲਿਆ ਸੀ ਮੈਂ ਦੁੱਖ ਸੁੱਖ ਤੇਰਾ
ਥੋੜ੍ਹਾ ਤੂੰ ਵੀ ਮੈਨੂੰ ਅਪਣਾ ਤੇ ਸਹੀ

ਉਹ ਕਹਿੰਦੀ
ਕਦੇ ਮੈਨੂੰ ਸਮਝ ਨਹੀਂ ਸਕਦਾ
ਤੇ ਮੈਂ ਕਹਿੰਦਾ
ਮੈਨੂੰ ਸਮਝਾ ਤੇ ਸਹੀ

**°°✿❀❀ ਸੁੱਖ ਫੂਲਦ ਵਾਲਾ ❀❀✿°°**
**ਇੰਸਟਾਗ੍ਰਾਮ: ITS_SUKH3337**

# ਹੱਥ

ਤੈਨੂੰ ਛੂਹਣ ਤੋਂ ਬਾਅਦ
ਕਿਸੇ ਵੀ ਚੀਜ ਨੂੰ ਛੂਹਣ ਤੋਂ
ਇਨਕਾਰ ਕਰ ਰਹੇ ਨੇ ਹੱਥ

ਖ਼ੁਦ ਹੀ ਖ਼ੁਦ ਨੂੰ ਖ਼ੁਦ ਤੋਂ ਜ਼ਿਆਦਾ
ਪਿਆਰ ਕਰ ਰਹੇ ਨੇ ਹੱਥ

ਤੈਨੂੰ ਛੂਹ ਕੇ ਜੱਗ ਜਿੱਤਣ ਜਿਹਾ
ਅਹੰਕਾਰ ਕਰ ਰਹੇ ਨੇ ਹੱਥ
ਹੁਣ ਮੁੜ ਦੁਬਾਰਾ ਤੋਂ ਤੈਨੂੰ ਛੂਹਣ ਦਾ
ਇੰਤਜਾਰ ਕਰ ਰਹੇ ਨੇ ਹੱਥ

**❀❀ ਸੁੱਖ ਫੂਲਦ ਵਾਲਾ ❀❀**

**ਇੰਸਟਾਗ੍ਰਾਮ: ITS_SUKH3337**

# ਮੁਹੱਬਤ

ਟੁੱਟੇ ਹੋਇਆਂ ਨੂੰ ਜੁੜਨਾ ਸਿਖਾ ਦਿੰਦੀ ਏ
ਚੁੱਪ ਕੀਤਿਆਂ ਨੂੰ ਹੱਸਣ ਲਾ ਦਿੰਦੀ ਏ

ਬਰਛਿਆਂ ਵਰਗੇ ਸੱਜਣਾਂ ਨੂੰ ਫਿਰ
ਤੀਲਿਆਂ ਅੱਗੇ ਝੁਕਾ ਦਿੰਦੀ ਏ

ਕਿਸੇ ਨੂੰ ਖੁੱਲ੍ਹ ਕੇ ਦੱਸ ਨੀ ਸਕਦੇ
ਬੰਦਾ ਅੰਦਰੋਂ ਅੰਦਰੀ ਮੁਕਾ ਦਿੰਦੀ ਏ

ਕੁਝ ਟੁੱਟ ਕੇ ਮੌਤ ਨੂੰ ਗਲ਼ ਲਾ ਲੈਂਦੇ
ਤੇ ਕਈਆਂ ਤੋਂ ਗੀਤ ਲਿਖਾ ਦਿੰਦੀ ਏ

ਕਿਸੇ ਨੂੰ ਮਿਲ ਜਾਂਦੀ ਜ਼ਿੰਦਗੀ ਭਰ ਲਈ
ਇਹ ਮੁਹੱਬਤ ਕਿਸੇ ਨੂੰ ਉਮਰਾਂ ਤੀਕ ਰਵਾ ਦਿੰਦੀ ਏ

ಌ✿✿ **ਅਰਸ਼** ✿✿ಌ

**ਇੰਸਟਾਗ੍ਰਾਮ: ARSHX_11**

# ਖ਼ਵਾਹਿਸ਼

ਮੈਂ ਜਾਣ ਬੁੱਝ ਕੇ ਦੇਰ ਨਾਲ ਆਵਾਂ
ਉਹ ਉਡੀਕ ਕਰਦੀ ਮੇਰੀ ਰਾਹਵਾਂ ਚ ਹੋਏ

ਮੇਰੇ ਤਾਂ ਉਹ ਰੋਮ ਰੋਮ ਚ ਵਸੀ ਐ
ਬਸ ਮੇਰਾ ਨਾਂ ਓਹਦੇ ਸਾਹਵਾਂ ਚ ਹੋਏ

ਮੈਨੂੰ ਪਤਾ ਓਹਦੇ ਹੰਝੂ ਵੀ ਕਿੰਨੇ ਕੀਮਤੀ ਨੇ
ਮੇਰੇ ਮਰੇ ਤੇ ਵੀ ਓਹਦੀ ਅੱਖ ਨਾ ਰੋਏ

ਮਰਨ ਤੋਂ ਪਹਿਲਾਂ ਇੱਕ ਖ਼ਵਾਹਿਸ਼ ਏ ਮੇਰੀ
ਜੇ ਮੇਰੀ ਮੌਤ ਵੀ ਹੋਵੇ ਤਾਂ ਓਹਦੀਆਂ ਬਾਹਵਾਂ ਚ ਹੋਏ

**ਅਰਸ਼**

**ਇੰਸਟਾਗ੍ਰਾਮ: ARSHX_11**

# ਸਮਝੌਤਾ

ਘਾਟੇ ਵਾਧੇ ਜਰ ਲੈਨੇ ਆ
ਅੱਜ ਕੱਲ੍ਹ ਸਮਝੌਤੇ ਕਰ ਲੈਨੇ ਆ
ਜਦ ਵੀ ਆਵੇ ਯਾਦ ਸੱਜਣ ਦੀ
ਇੱਕ ਵੱਡਾ ਹਉਕਾ ਭਰ ਲੈਨੇ ਆ

**ੑ৩✿✿ ਨਵਾਬ ✿✿৩ੑ**

**ਇੰਸਟਾਗ੍ਰਾਮ : NAWAB604_**

# ਓਹਨਾਂ ਪਿੱਛੇ

ਕਿ ਓਹਨਾਂ ਨੂੰ ਆਦਤ ਸੀ ਹੋਰਾਂ ਦੀ
ਤੇ ਅਸੀਂ ਓਹਨਾਂ ਦੀ ਪਾ ਬੈਠੇ

ਉਹ ਕਿਸੇ ਹੋਰ ਦੇ ਪਿੱਛੇ ਸੀ
ਅਸੀਂ ਓਹਨਾਂ ਪਿੱਛੇ ਜਾ ਬੈਠੇ

ਕਿ ਪਿਆਰ ਸਿਰੇ ਕਿੱਥੇ ਚੜ੍ਹਨਾ ਸੀ
ਉਹ ਤਾਂ ਆਪ ਕਿਸੇ ਦੇ ਪੈਸੇ ਪਿੱਛੇ ਸੀ

ਤੇ ਅਸੀਂ ਕਮਲੇ ਓਹਨਾਂ ਪਿੱਛੇ
ਆਪਣਾ ਕਾਰੋਬਾਰ ਭੁਲਾ ਬੈਠੇ

**ਨਵਾਬ**

**ਇੰਸਟਾਗ੍ਰਾਮ : NAWAB604_**

# ਵਿਚਾਰ ਕਰੋ ਜੀ

ਵਿਚਾਰ ਕਰੋ ਜੀ
ਵਿਆਹ ਕੀ ਹੈ?
ਗੁਰੂਘਰ ਵਿੱਚ ਲਾਵਾਂ ਲੈਕੇ ਸਾਰੀ ਉਮਰ ਲਈ ਹੱਥ ਫੜਦੇ ਆ
ਫਿਰ ਕਿਉਂ ਉਸ ਪਤਨੀ ਨੂੰ
ਦਰ ਦਰ ਦੀਆਂ ਠੋਕਰਾਂ ਖਾਣ ਲਈ ਛੱਡ ਦਿੰਦੇ ਹੋ
ਉਸ ਦੀ ਇੱਜਤ ਨੂੰ ਸਮਾਜ ਵਿੱਚ ਖ਼ਰਾਬ ਕਰਦੇ ਹੋ
ਵਿਚਾਰ ਕਰੋ ਜੀ

ਹਰ ਇਨਸਾਨ ਵਿੱਚ ਦਿਲ ਹੁੰਦਾ ਹੈ
ਉਹ ਟੁੱਟਦਾ ਹੈ
ਟੁਟ ਕੇ ਚੂਰ ਹੁੰਦਾ ਹੈ
ਫਿਰ ਕਿਉਂ ਔਰਤ ਨੂੰ ਹੀ ਪੱਥਰ ਦਿਲ ਸਮਝਿਆ ਜਾਂਦਾ ਹੈ
ਵਿਚਾਰ ਕਰੋ ਜੀ

ਔਰਤ ਦੇ ਸੁਪਨੇ, ਚਾਵਾਂ ਨੂੰ ਮਾਰ ਕੇ
ਗੁਰੂਘਰ ਵਿੱਚ ਮੱਥੇ ਟੇਕਦੇ ਹੋ
ਘਰ ਵਿੱਚ ਲੰਗਰ ਲਗਾਉਂਦੇ ਹੋ
ਜੇ ਔਰਤ ਨੂੰ ਖੁਸ਼ ਰੱਖੋ
ਉਸਦੀ ਇੱਜਤ ਕਰੋ
ਸਭ ਕੁਝ ਮਿਲ ਜਾਵੇਗਾ
ਇਸ ਉੱਤੇ ਵੀ ਵਿਚਾਰ ਕਰੋ ਜੀ

ਇੱਕ ਵਾਰ ਟੁੱਟੀ ਔਰਤ
ਆਪਣੇ ਅੰਦਰ ਤੋਂ ਕਿੱਥੇ ਜੁੜਦੀ ਹੈ
ਬਣ ਜਾਂਦੀ ਹੈ ਜਿਉਂਦੀ ਲਾਸ਼
ਕੌਣ ਹੈ ਉਸਦਾ ਖ਼ੂਨੀ
ਇਸ ਤੇ ਵੀ
ਵਿਚਾਰ ਕਰੋ ਜੀ

ਤੋੜ ਕੇ ਵਿਸ਼ਵਾਸ ਉਸਦਾ
ਕਰਦੇ ਹੋ ਉਸਦਾ ਦਿਲ, ਰੂਹ, ਆਤਮਾ ਜ਼ਖ਼ਮੀ
ਲੁੱਟ ਕੇ ਉਸਦੀ ਇੱਜਤ
ਦੱਸਦੇ ਹੋ ਉਸਨੂੰ ਚਰਿੱਤਰਹੀਣ
ਕਿਸਨੇ ਖੇਡਿਆ, ਇਹ ਖੇਡ
ਇਸ ਉੱਤੇ ਵੀ
ਵਿਚਾਰ ਕਰੋ ਜੀ

ਰਹਿ ਗਏ ਨੇ ਨਿਸ਼ਾਨ
ਪਰ ਕੁਝ ਕੁ ਦਿਲ ਦੇ ਜ਼ਖ਼ਮ
ਹੁਣ ਭਰੇ ਨੇ
ਔਰਤ ਦੀ ਇਸ ਹਿੰਮਤ ਦਾ ਧੰਨਵਾਦ ਕਰੋ ਜੀ
ਇਸ ਉੱਤੇ ਵੀ ਵਿਚਾਰ ਕਰੋ ਜੀ
ਇਸ ਉੱਤੇ ਵੀ ਵਿਚਾਰ ਕਰੋ ਜੀ

**ਕੁਲਵਿੰਦਰ ਕੌਰ**

**ਇੰਸਟਾਗ੍ਰਾਮ : KULWINDER1012KAUR**

# ਸੰਦੇਸ਼

ਤੁਸੀਂ ਇਸ ਕਿਤਾਬ ਦੀਆਂ ਰਚਨਾਵਾਂ ਨਾਲ ਸੰਬੰਧਿਤ ਆਪਣਾ ਰੀਵਿਊ ਲੇਖਕ ਨੂੰ ਨਿੱਜੀ ਤੌਰ ਤੇ ਮੈਸੇਜ ਜਾਂ ਈਮੇਲ ਕਰ ਕੇ ਦੇ ਸਕਦੇ ਹੋ। ਜੇਕਰ ਤੁਸੀਂ ਇਸ ਕਿਤਾਬ ਦੇ ਅਗਲੇ ਭਾਗ ਦਾ ਹਿੱਸਾ ਬਣਨਾ ਚਾਹੁੰਦੇ ਹੋ ਤਾਂ ਤੁਸੀਂ ਸਾਨੂੰ ਆਪਣੀਆਂ ਰਚਨਾਵਾਂ ਈਮੇਲ ਜਾਂ ਵਟਸਐਪ ਤੇ ਭੇਜ ਸਕਦੇ ਹੋ।

ਟੀਮ ਡਿਜੀਟਲ ਕਲਮਾਂ ਵਾਲੇ

www.punjabilibrary.com

# ਫੁੱਲ ਤੇ ਪੱਥਰ

## ਡਿਜੀਟਲ ਕਲਮਾਂ ਵਾਲੇ




www.punjabilibrary.com

+91 97796 70711 & +91 94631 76038

digitalkalmanwale@gmail.com